ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

ਐਟ ਪੰ.ਸ.ਸਿ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।

(ਮੈਡੀਕਲ ਸੈੱਲ)

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ।

ਮੀਮੋ ਨੰ. 171714 2024104634

ਮਿਤੀ: 26/04/2024

ਵਿਸ਼ਾ:- ਵਿੱਤੀ ਸਾਲ 2023-24 ਵਿੱਚ ਮੰਨਜ਼ੂਰ ਹੋਈਆਂ ਮੈਡੀਕਲ ਕਲੇਮ ਸੈਂਕਸ਼ਨਾ ਦੀ ਅਦਾਇਗੀ ਨਾ ਹੋਣ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਨੂੰ ਅਧੀਨ ਦਫਤਰਾਂ ਤੋਂ ਪ੍ਰਾਪਤ ਹੋਏ ਮੈਡੀਕਲ ਕਲੇਮਾ ਦੀਆਂ ਵਿੱਤੀ ਸਾਲ 2023-24 ਲਈ ਮੰਨਜ਼ੂਰੀਆਂ ਜਾਰੀ ਕੀਤੀਆਂ ਗਈਆਂ ਸਨ। ਅਜਿਹੇ ਮੈਡੀਕਲ ਬਿਲਾਂ ਦੀਆਂ ਮਨਜ਼ੂਰੀਆਂ ਵਿਚੋਂ ਕੁਝ ਬਿਲਾਂ ਦੀ ਵਿੱਤੀ ਵਰ੍ਹਾ ਸਮਾਪਤ ਹੋ ਜਾਣ ਕਾਰਨ ਅਦਾਇਗੀ ਨਹੀਂ ਹੋ ਪਾਈ ਹੈ।

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੀਆਂ ਮਨਜ਼ੂਰੀਆਂ ਦੀ ਅਦਾਇਗੀ ਵਿੱਤੀ ਵਰ੍ਹਾਂ ਸਮਾਪਤ ਹੋ ਜਾਣ ਕਾਰਨ ਅਜੇ ਤੱਕ ਵੀ ਨਹੀਂ ਹੋਈ ਹੈ, ਉਨ੍ਹਾਂ ਮੰਨਜ਼ੂਰੀਆਂ ਦੇ ਜਾਰੀ ਨਾ ਹੋਣ ਦੇ ਕਾਰਨ ਸਪਸ਼ਟ ਕਰਦੇ ਹੋਏ ਅਸਲ ਮੰਨਜ਼ੂਰੀਆਂ ਦੀਆਂ ਸਾਰੀਆਂ ਕਾਪੀਆਂ ਇਸ ਦਫਤਰ ਨੂੰ ਵਾਪਿਸ ਲਿਸਟ ਬਣਾਕੇ ਭੇਜੀਆਂ ਜਾਣ।

3.0 ਜਿਲ੍ਹਾ ਸਿੱਖਿਆ ਅਫਸਰ (ਸੈਸਿ) ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ/ਡੀ.ਡੀ.ਓ. ਤੋਂ ਪੈਂਡਿੰਗ ਮੰਨਜ਼ੂਰੀਆਂ ਦੀਆਂ ਕਾਪੀਆਂ ਇਕੱਤਰ ਕਰਨ ਉਪਰੰਤ ਕੰਸੋਲੀਡੇਟ ਕਰਕੇ ਮਿਤੀ 13.05.2024 ਤੱਕ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਉਣਗੇ।

4.0 ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਪੈਂਡਿੰਗ ਮੰਨਜ਼ੂਰੀਆਂ ਦੇ ਵਿਚਾਰ ਨਹੀਂ ਕੀਤਾ ਜਾਵੇਗਾ। ਦੇਰੀ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

25.04.24

ਸਹਾਇਕ ਡਾਇਰੈਕਟਰ (ਮੈਡੀਕਲ ਸੈੱਲ)